# ਆਈ. ਸੀ. ਏ. ਆਰ - ਭਾਰਤੀ ਖੇਤੀਬਾੜੀ ਖੋਜ ਸੰਸਥਾ

## ਨਰਮੇ-ਕਪਾਹ ਦੀ ਫ਼ਸਲ ਲਈ (29 ਅਗਸਤ ਤੋਂ 4 ਸਤੰਬਰ 2016) ਹਫਤੇ ਲਈ ਸਿਫਾਰਿਸ਼ਾਂ

''ਇਹ ਸਲਾਹਾਂ ਪ੍ਰਾਂਤਿਕ ਖੇਤੀਬਾੜੀ ਯੂਨੀਵਰਸਿਟੀਆਂ ਤੋ ਆਈਆਂ ਸਿਫਾਰਿਸ਼ਾਂ ਅਨੁਸਾਰ ਹਨ''

| | ਮੀਂਹ ਪਇਆ | | | | | | | | ਮੀਂਹ ਦੀ ਸੰਭਾਵਨਾ | | | | |
|---|---|---|---|---|---|---|---|---|---|---|---|---|---|
| ਮਿਤੀ | 18to24 | 24 | 25 | 26 | 27 | 28 | 29 | 30 | 31 | 1 | 2 | 3 | 4 |
| ਪੰਜਾਬ | | | | | | | | | | | | | |
| ਬਠਿੰਡਾ | 23 | 0 | 4 | 0 | 10 | 70 | 33.5 | 6 | 0 | 0 | 0 | 0 | 0 |
| ਫਿਰੋਜ਼ਪੁਰ | 0 | 0 | 10 | 4.3 | 2.5 | 24.7 | 3 | 0 | 0 | 0 | 0 | 0 | 0 |
| ਮੁਕਤਸਰ | 0 | 0 | 3 | 4 | 0 | 36.3 | 1.2 | 0 | 0 | 0 | 0 | 0 | 0 |
| ਮਾਨਸਾ | 0 | 0 | 9.8 | 0 | 0 | 0 | 0 | 17.4 | 0 | 3 | 0 | 0 | 0 |
| ਹਰਿਆਣਾ | | | | | | | | | | | | | |
| ਸਿਰਸਾ | 3.8 | 0 | 17.3 | 0 | 4.8 | 18.8 | 20.5 | 17 | 0 | 3 | 0 | 0 | 0 |
| ਹਿਸਾਰ | 1.9 | 0 | 8.1 | 0 | 1 | 0 | 11.6 | 15.9 | 0 | 10 | 0 | 0 | 0 |
| ਫਤਿਆਬਾਦ | 0 | 0 | 16.7 | 0 | 1 | 0 | 21.3 | 17.7 | 0 | 6 | 0 | 0 | 0 |
| ਰਾਜਸਥਾਨ | | | | | | | | | | | | | |
| ਹਨੁਮਾਨਗੜ੍ਹ | 0.6 | 0 | 5 | 6.1 | 3.1 | 3 | 32.1 | 16.7 | 5 | 4 | 3 | 0 | 0 |
| ਸ੍ਰੀ ਗੰਗਾਨਗਰ | 3.6 | 0 | 5.6 | 0.6 | 0 | 9.9 | 16.8 | 0 | 5 | 4 | 3 | 0 | 0 |
| ਬਾਂਸਵਾੜਾ | 203.4 | 30.6 | 0.8 | 2.4 | 0.2 | 7.1 | 1.9 | 1.2 | 6 | 6 | 5 | 4 | 2 |

### ਸਲਾਹ

ਰਾਜਸਥਾਨ ਵਿੱਚ ਬਾਰਿਸ਼ ਦੇ ਨਿਰਭਰ ਖੇਤਰਾਂ ਵਿੱਚ ਨਰਮਾ-ਕਪਾਹ ਦੀ ਫ਼ਸਲ ਆਪਣੀ ਟੀਡੇਂ ਲੱਗਣ ਦੀ ਅਵਸਥਾ ਵਿੱਚ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਸਿੰਚਾਈ ਇਸ ਤਰ੍ਹਾਂ ਕੀਤੀ ਜਾਵੇ ਕਿ ਟੀਡੇਂ ਨਾ ਫਟਣ। ਨਰਮਾ ਕਪਾਹ ਦੀ ਫ਼ਸਲ ਸਿਹਤਮੰਦ ਅਤੇ ਕੀੜਿਆਂ ਤੋਂ ਰਹਿਤ ਹੈ ਅਤੇ ਕੀਟਾਂ ਆਪਣੀ ਆਰਥਿਕ ਕਰਾਰ ਤੋਂ ਹੇਠਾਂ ਪਾਏ ਗਏ ਹਨ। ਪੰਜਾਬ ਪ੍ਰਾਂਤ ਵਿੱਚ ਨਰਮਾ-ਕਪਾਹ ਦੀ ਬਹੁਤ ਹੀ ਵਧੀਆਂ ਹਾਲਤ ਵਿੱਚ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਪੱਤਾ ਮਰੋੜ ਵਿਸ਼ਾਣੂ ਰੋਗ ਦਾ ਨੁਕਸਾਨ ਗ੍ਰੇਡ 1 ਤੋਂ ਗ੍ਰੇਡ 3 ਤੱਕ ਪਾਇਆ ਗਿਆ ਹੈ। ਨਰਮਾ ਕਪਾਹ ਦੇ ਕੁੱਝ ਖੇਤਾਂ ਵਿੱਚ ਝੁਲਸ ਰੋਗ ਦਾ ਹਮਲਾ ਵੀ ਦੇਖਿਆ ਗਿਆ ਹੈ। ਇਸ ਅਵੱਸਥਾ ਵਿੱਚ ਚਿੱਟੀ ਮੱਖੀ ਆਰਥਿਕ ਕਗਾਰ ਤੱਕ ਨਹੀ ਪਹੁੰਚੀ ਹੈ ਅਤੇ ਨਾਲ ਹੀ ਸਪਰੇਅ ਦਾ ਵੀ ਕੋਈ ਖਾਸ਼ ਫਾਇਦਾ ਨਹੀਂ ਹੋਣ ਵਾਲਾ ਹੈ ਕਿਉਂਕਿ ਫ਼ਸਲ ਆਪਣੀ ਪੱਕਣ ਦੀ ਅਵੱਸਥਾ ਵੱਲ ਜਾ ਰਹੀ ਹੈ। ਇਨ੍ਹਾਂ ਕਾਰਨਾਂ ਨੂੰ ਮੁੱਖ ਰੱਖ ਕੇ ਸਪਰੇਅ ਕਰਨ ਦੀ ਸਿਫ਼ਰਿਸ ਨਹੌਂ ਕੀਤੀ ਜਾਂਦੀ ਹੈ। ਫਰੀਦਕੋਟ, ਮੁਕਤਸਰ ਅਤੇ ਫਜਿਲਕਾ ਜਿਲ੍ਹਿਆਂ ਵਿੱਚ ਸਰਵੇਖਣ ਦੌਰਾਨ 119 ਪਿੰਡਾਂ ਵਿੱਚ ਰਸ ਚੂਸਣ ਵਾਲੇ ਕੀੜੇ ਜਿਵੇਂ ਕਿ ਚਿੱਟੀ ਮੱਖੀ ਹਰਾ ਤੇਲਾ ਅਤੇ ਭੂਰੀ ਜੂੰ ਆਪਣੀ ਆਰਥਿਕ ਕਰਾਰ ਤੋਂ ਹੇਠਾਂ ਪਾਏ ਗਏ ਹਨ। ਬਠਿੰਡਾ ਜਿਲ੍ਹੇ ਵਿੱਚ 14 ਪਿੰਡਾਂ ਦੇ ਸਰਵੇਖਣ ਵਿੱਚੋਂ ਲਹਿਰੀ ਪਿੰਡ ਦੀਆਂ 2 ਥਾਵਾਂ ਤੇ ਬੀ ਟੀ ਹਾਈਬ੍ਰਿਡ ਉੱਤੇ ਚਿੱਟੀ ਮੱਖੀ ਦੀ ਆਪਣੀ ਆਰਥਿਕ ਕਰਾਰ ਤੋਂ ਵੱਧ ਪਾਈ ਗਈ ਹੈ। ਚਿੱਟੀ ਮੱਖੀ ਦੀ ਸਮੇਂ ਸਿਰ ਰੋਕਥਾਮ ਲਈ ਨਰਮਾ-ਕਪਾਹ ਦੇ ਬਦਲਵੇਂ

| | | | | | | | | | | | | | | |
|---|---|---|---|---|---|---|---|---|---|---|---|---|---|---|
| | | | | | | | | | | | | | | ਬੂਟਿਆਂ ਤੇ ਲਗਾਤਾਰ ਸਰਵੇਖਣ ਕਰਨਾ ਚਾਹੀਦਾ ਹੈ।ਜੇਕਰ ਨਰਮਾ-ਕਪਾਹ ਦੀ ਫ਼ਸਲ ਵਿੱਚ ਬਾਰਿਸ਼/ਸਿਚਾਂਈ ਤੋਂ ਬਾਅਦ ਪੈਰਾਂ ਵਿਲਟ ਰੋਗ ਦਾ ਹਮਲਾ ਹੋਂ ਜਾਵੇ ਤਾਂ ਪੀ.ਏ.ਯੂ. ਦੀਆਂ ਸਿਫਾਰਿਸਾਂ ਅਨੁਸਾਰ 10 ਪੀ ਪੀ ਐਠਾ ਕੋਬਾਲਿਟ ਕਲੋਰਾਈਡ (10 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ) ਨੂੰ ਰੋਗ ਨਾਲ ਬੂਟਿਆਂ ਤੇ ਲੱਛਣ ਦਿਸਣ ਉਪਰੰਤ ਛਿੜਕਾਅ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।<br>ਹਰਿਆਣਾ ਵਿਖੇ, ਸਿਰਸਾ ਜਿਲ੍ਹੇ ਵਿੱਚ  ਨਰਮਾ ਕਪਾਹ ਦੀਆਂ ਫ਼ਸਲ ਵਿੱਚ ਚਿੱਟੀ ਮੱਖੀ ਦੀ ਗਿਣਤੀ ਵਿੱਚ ਵਾਧਾ ਹੋਇਆ ਹੈ।ਚਿੱਟੀ ਮੱਖੀ ਦੀ ਗਿਣਤੀ ਆਰ ਸੀ ਐਚ-650 ਬੀ.ਜੀ.2 ਉੱਤੇ 9-18 ਪ੍ਰਤੀ 3 ਪੱਤਾ (ਔਸਤਨ 10.2 ਪ੍ਰਤੀ ਤਿੰਨ ਪੱਤਾ, ਐਚ.ਐਸ.-6 ਉੱਤੇ 8-14 ਪ੍ਰਤੀ ਤਿੰਨ ਪੱਤਾ (ਔਸਤਨ 17.6 ਪ੍ਰਤੀ ਪੱਤਾ) ਗੰਗਾਨਗਰ ਅਗੇਤੀ ਉੱਤੇ 14-21 ਪ੍ਰਤੀ ਤਿੰਨ ਪੱਤਾ (ਔਸਤਨ 13.4 ਪ੍ਰਤੀ ਤਿੰਨ ਪੱਤਾ) ਅਤੇ ਆਰ.ਐਸ-2013 ਉੱਤੇ 16-=17 ਪ੍ਰਤੀ ਤਿੰਨ ਪੱਤਾ (ਔਸਤਨ 16 ਪ੍ਰਤੀ ਤਿੰਨ ਪੱਤਾ) ਪਾਈ ਗਈ ਹੈ। ਨਰਮਾ-ਕਪਾਹ ਦੀ ਫ਼ਸਲ ਵਿੱਚ ਚਿੱਟੀ ਮੱਖੀ ਆਪਣੀ ਆਰਥਿਕ ਕਰਾਰ ਤੋਂ ਘੱਟ ਹੋਣ ਕਰਕੇ ਕੀਟਨਾਸ਼ਕ ਦੇ ਛਿੜਕਾਅ ਕਰਨ ਦੀ ਜ਼ਰਰੂਤ ਨਹੀਂ ਹੈ ਜਿਵੇਂ ਕਿ ਭਾਰੀ ਬਾਰਿਸ਼ ਦਾ ਵੀ ਅਨੁਮਾਨ ਲਗਾਇਆ ਗਿਆ ਹੈ। ਜਿਸ ਨਾਲ ਚਿੱਟੀ ਮੱਖੀ ਦੀ ਗਿਣਤੀ ਘੱਟ ਜਾਵੇਗੀ। ਨਰਮਾ-ਕਪਾਹ ਦੀ ਫ਼ਸਲ ਵਿੱਚ ਹਰੇ ਤੇਲੇ ਦੀ ਗਿਣਤੀ 0-2 ਪ੍ਰਤੀ ਤਿੰਨ ਪੱਤਾ ਅਤੇ ਭੂਰੀ ਜੂੰ 0-6 ਪ੍ਰਤੀ ਤਿੰਨ ਪੱਤਾ ਪਾਈ ਗਈ ਹੈ। ਦੇਸੀ ਕਪਾਹ ਦੇ ਖੇਤਾਂ ਵਿੱਚ ਕੁੱਝ ਥਾਵਾਂ ਤੇ ਚਿਤਕਬਰੀ ਸੁੰਡੀ ਦਾ ਹਮਲਾ ਦੇਖਿਆ ਗਿਆ ਹੈ। ਕਿਸਾਨ ਵੀਰਾਂ ਦੇ ਖੇਤਾਂ ਵਿੱਚ ਕਪਾਹ ਦਾ ਪੱਤਾ ਮਰੋੜ ਵਿਸ਼ਾਣੂ ਰੋਗ ਦਾ ਹਮਲਾ ਵੀ ਦੇਖਿਆ ਗਿਆ ਹੈ।ਜੇਕਰ ਦੇਸੀ ਕਪਾਹ ਦੇ ਖੇਤਾਂ ਵਿੱਚ ਚਿਤਕਬਰੀ ਸੁੰਡੀ ਆਪਣੀ ਆਰਥਿਕ ਕਰਾਰ ਤੋਂ ਵੱਧ ਜਾਵੇ ਤਾਂ ਕਿਸਾਨ ਵੀਰਾਂ ਨੂੰ ਸਪਾਈਨੋਸੈਡ 60 ਮਿਲੀਮਿਟਰ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰਨ ਦੀ ਸਿਫ਼ਾਰਿਸ਼ ਕੀਤੀ ਜਾਂਦੀ ਹੈ।ਕਿਸਾਨ ਵੀਰਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਰਮਾ-ਕਪਾਹ ਦੀ ਫ਼ਸਲ ਵਿੱਚ ਭਾਰੀ |

| | | | | | | | | | | | | | | |
|---|---|---|---|---|---|---|---|---|---|---|---|---|---|---|
| | | | | | | | | | | | | | | ਬਾਰਿਸ਼ ਦੇ ਦੌਰਾਨ ਖੇਤਾਂ ਵਿੱਚ ਪਾਣੀ ਖੜੇ ਪਾਣੀ ਨੂੰ ਬਾਹਰ ਕੱਢ ਦਿੱਤਾ ਜਾਵੇ। ਹਿਸਾਰ ਵਿੱਚ ਨਰਮਾ–ਕਪਾਹ ਦੀ ਫ਼ਸਲ ਆਪਣੀ ਫੁੱਲ–ਡੋਡੀ ਦੀ ਅਵੱਸਥਾ ਵਿੱਚ ਹੈ। ਅਵਸਥਾ ਵਿੱਚ ਹੈ। ਨਰਮਾ ਕਪਾਹ ਦੀ ਫ਼ਸਲ ਦੇ ਖੇਤਾਂ ਦੇ ਸਰਵੇਖਣ ਦੌਰਾਨ ਚਿੱਟੀ ਮੱਖੀ ਅਤੇ ਹਰਾ ਤੇਲਾ ਆਪਣੀ ਆਰਥਿਕ ਕਰਾਰ ਤੋਂ ਹੇਠਾਂ ਪਾਇਆ ਗਿਆ ਹੈ। ਹਿਸਾਰ, ਜੀਂਦ, ਭਿਵਾਨੀ,ਕੈਂਥਲ ਮਹਿੰਦਰਗੜ੍ਹ ਅਤੇ ਰਿਵਾੜੀ ਵਿੱਚ ਕਿਸਾਨ ਵੀਰਾਂ ਦੇ ਨਰਮਾ–ਕਪਾਹ ਦੇ ਖੇਤਾਂ ਵਿੱਚ ਪੱਤਾ ਮਰੋੜ ਰੋਗ ਵਿਸ਼ਾਣੂ ਦਾ ਹਮਲਾ ਨਾ ਮਾਤਰ ਤੋਂ ਗ੍ਰੇਡ 3 ਪ੍ਰਤੀ ਪੱਤਾ ਦੇਖਿਆ ਗਿਆ ਹੈ। ਨਰਮਾ–ਕਪਾਹ ਦੇ ਖੇਤਾਂ ਵਿੱਚ ਪੱਤਿਆਂ ਦੀ ਝੁਲਸ ਦੀ ਰੋਗ ਦਾ ਹਮਲਾ ਨਹੀਂ ਦੇਖਿਆ ਗਿਆ ਹੈ। |